**ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**
**(ਸਿਹਤ-3 ਸ਼ਾਖਾ)**

**ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਸ਼ਿਫਾਰਸ਼ਾਂ **ਮਿਤੀ 21-10-2013** ਦੇ ਸਨਮੁੱਖ ਹੇਠ ਲਿਖੇ ਸਹਾਇਕ ਪ੍ਰੋਫੈਸਰ ਐਨਸਥੀਸੀਆ ਨੂੰ ਤਨਖਾਹ ਸਕੇਲ ਰੁਪਏ 37400-67000 + 8900/- ਗਰੇਡ ਪੇ ਵਿੱਚ ਬਤੌਰ ਐਸੋਸੀਏਟ ਪ੍ਰੋਫੈਸਰ ਐਨਸਥੀਸੀਆ ਪੱਦ-ਉੱਨਤ ਕੀਤਾ ਜਾਂਦਾ ਹੈ : -

1) ਡਾਕਟਰ ਰਾਧੇ ਸ਼ਰਨ (ਐਸ.ਸੀ)
2) ਡਾਕਟਰ ਤੇਜਿੰਦਰਪਾਲ ਕੌਰ

2. ਇਸ ਤੋਂ ਇਲਾਵਾ ਉਕਤ ਪੱਦ-ਉੱਨਤ ਹੋਏ ਐਸੋਸੀਏਟ ਪ੍ਰੋਫੈਸਰ ਐਨਸਥੀਸੀਆ ਦੀ ਤੈਨਾਤੀ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ: -

| ਲੜੀ ਨੰਬਰ | ਡਾਕਟਰ ਦਾ ਨਾਮ ਅਤੇ ਅਹੁੱਦਾ | ਨਵੀਂ ਤੈਨਾਤੀ | ਵਿਸ਼ੇਸ਼ ਕਥਨ |
|---|---|---|---|
| 1. | ਡਾਕਟਰ ਰਾਧੇ ਸ਼ਰਨ, (ਐਸ.ਸੀ), ਐਸੋਸੀਏਟ ਪ੍ਰੋਫੈਸਰ ਐਨਸਥੀਸੀਆ | ਐਨਸਥੀਸੀਆ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ । | - |
| 2. | ਡਾਕਟਰ ਤੇਜਿੰਦਰਪਾਲ ਕੌਰ, ਐਸੋਸੀਏਟ ਪ੍ਰੋਫੈਸਰ ਐਨਸਥੀਸੀਆ | ਐਨਸਥੀਸੀਆ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | - |

3. ਉਪਰੋਕਤ ਡਾਕਟਰਾਂ ਦੀ ਪੱਦ-ਉੱਨਤੀਆਂ ਬਤੌਰ ਐਸੋਸੀਏਟ ਪ੍ਰੋਫੈਸਰ ਐਨਸਥੀਸੀਆ ਹੇਠ ਦਰਸਾਈਆਂ ਸ਼ਰਤਾਂ ਤੇ ਨਿਰਭਰ ਹੋਣਗੀਆਂ: -

**ੳ)** ਇਹ ਡਾਕਟਰ ਇੱਕ ਸਾਲ ਦੇ ਪਰਖ ਸਮੇਂ ਅਧੀਨ ਰਹਿਣਗੇ ।

**ਅ)** ਇਨ੍ਹਾਂ ਡਾਕਟਰਾਂ ਤੇ ਪੰਜਾਬ ਮੈਡੀਕਲ ਐਜੂਕੇਸ਼ਨ ਸਰਵਿਸਜ਼ ਰੂਲ 1978 / 1985 ਪੰਜਾਬ ਸਿਵਲ ਸਰਵਿਸਜ਼ (ਜਨਰਲ ਐਂਡ ਕਾਮਨ ਕੰਡਿਸ਼ਨ ਆਫ ਸਰਵਿਸ) ਰੂਲਜ, 1994 (ਸਮੇਂ-ਸਮੇਂ ਸਿਰ ਸੋਧ ਅਨੁਸਾਰ) ਅਤੇ ਨੋਟੀਫਿਕੇਸ਼ਨ ਨੰਬਰ : 1/229/97-4ਐਚ.ਬੀ.3/2034 ਮਿਤੀ 22-05-2003 ਵਿੱਚ ਦਰਜ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ ।

**ੲ)** ਜੇਕਰ ਉਪਰੋਕਤ ਡਾਕਟਰਾਂ ਦੀ ਪੱਦ-ਉੱਨਤੀ ਨਾ ਹੁੰਦੀ ਤਾਂ ਉਹ ਹੇਠਲੇ ਕਾਡਰ ਦੀ ਆਪਣੀ ਮੌਜੂਦਾ ਆਸਾਮੀ ਤੇ ਹੀ ਕੰਮ ਕਰਦੇ ਰਹਿਣਾਂ ਸੀ ।

**ਸ)** ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲੰਬਿਤ ਸਿਵਲ ਰਿੱਟ ਪਟੀਸ਼ਨ ਜਾਂ ਹੋਰ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਣਗੀਆਂ ।

**ਹ)** ਸਬੰਧਤ ਡਾਕਟਰ ਪੱਦ-ਉੱਨਤੀ ਉਪਰੰਤ ਪੋਸਟਿੰਗ ਦੀ ਥਾਂ ਤੇ ਤੁਰੰਤ ਹਾਜ਼ਰੀ ਰਿਪੋਰਟ ਪੇਸ਼ ਕਰਨਗੇ । ਹਾਜ਼ਰ ਹੋਣ ਦੇ ਸਮੇਂ ਵਿੱਚ ਕਿਸੇ ਵੀ ਹਾਲਤ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਇਸ ਸਬੰਧੀ ਕਿਸੇ ਕਿਸਮ ਦੀ ਪ੍ਰਤੀ ਬੇਨਤੀ ਤੇ ਵਿਚਾਰ ਕੀਤਾ ਜਾਵੇਗਾ ।

**ਖ)** ਪੱਦ-ਉਨਤੀ ਦੀ ਆਸਾਮੀ ਤੇ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਡਾਕਟਰ ਨੂੰ ਨਿਯਮਾਂ ਅਨੁਸਾਰ ਦੋ ਸਾਲ ਲਈ ਤਰੱਕੀ ਤੋਂ ਡੀ-ਬਾਰ ਕਰ ਦਿੱਤਾ ਜਾਵੇਗਾ ।

**ਮਿਤੀ, ਚੰਡੀਗੜ੍ਹ:**
05-12-2013

**ਵਿਨੀ ਮਹਾਜਨ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

ਪਿੱਠ ਅੰਕਣ ਨੰਬਰ : 1/1/2010-2ਸਸ3/ 8187-95. ਮਿਤੀ, ਚੰਡੀਗੜ੍ਹ : 5-12-2013.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮਹਾਂ ਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
3) ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ / ਪਟਿਆਲਾ ।
5) ਸਬੰਧਤ ਡਾਕਟਰ ।
6) ਨਿੱਜੀ ਸਕੱਤਰ / ਐਮ.ਈ.ਆਰ.ਐਮ
7) ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ
8) ਨਿੱਜੀ ਸਹਾਇਕ / ਏ.ਐਸ.ਐਮ.ਈ.ਆਰ
9) ਨਿੱਜੀ ਸਹਾਇਕ / ਯੂ.ਐਸ.ਐਮ.ਈ.ਆਰ

**(ਮਨਮੋਹਨ ਸਿੰਘ)**
**ਅਧੀਨ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ**

*C:\Balram-2HBIII\Draft Ordinary Eng & Pbi\Draft Order Eng & Pbi all Types\Draft Order (Pbi.)\D.P.C\Draft Order (Pbi) D.P.C.doc*